# ਪੰਜਾਬ ਐਜੂਸੈਟ ਸੁਸਾਇਟੀ

**ਐਸ.ਸੀ.ਓ.104-106,ਦੂਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ,**

ਫੋਨ ਨੰ: 0172-2623207, 2621104, 2621106, ਫੈਕਸ: 2624687ਈ-ਮੇਲedusat_sapunjab@yahoo.co.in


ਸੇਵਾ ਵਿਖੇ

1) ਮੰਡਲ ਸਿੱਖਿਆ ਅਫਸਰ,
ਫਰੀਦਕੋਟ, ਨਾਭਾ ਅਤੇ ਜਲੰਧਰ
2) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਪੰਜਾਬ ।
3) ਐਜੂਸੈਂਟ ਵਾਲੇ ਸਕੂਲਾਂ ਮੁੱਖੀ (ਵੈਬਸਾਈਟ ਰਾਹੀ)

ਮੀਮੋ ਨੰ. 24/40/2008/ਪੀ.ਈ.ਐਸ/ਸੈਕਟੋਰਲ ਕਮੇਟੀ/2407
ਮਿਤੀ, ਚੰਡੀਗੜ੍ਹ: 29 ਮਾਰਚ, 2011.

**ਵਿਸ਼ਾ: ਐਜੂਸੈਟ ਟਾਈਮ ਟੇਬਲ ਸ਼ੈਸ਼ਨ 2011-12**

1.0 ਨਵੇਂ ਵਿੱਦਿਅਕ ਸ਼ੈਸ਼ਨ (2011-12) ਲਈ ਗਰਮੀਆਂ ਅਤੇ ਸਰਦੀਆਂ ਦਾ ਐਜੂਸੈਟ ਟਾਈਮ ਟੇਬਲ ਆਪ ਜੀ ਨੂੰ ਸਬੰਧਤ ਸਕੂਲਾਂ ਨੂੰ ਉਪਲਬਧ ਕਰਵਾਉਣ ਲਈ ਭੇਜਿਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬ ਐਜੂਸੈਟ ਸੁਸਾਇਟੀ ਵੱਲੋਂ 8ਵੀਂ ਤੋਂ 12ਵੀਂ ਜਮਾਤ ਤੱਕ ਐਜੂਸੈਟ ਸੁਵਿਧਾ ਵਾਲੇ ਸਕੂਲਾਂ ਲਈ ਨਸ਼ਰ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ ਹੈ। ਸਬੰਧਤ ਸਕੂਲ ਮੁਖੀਆਂ ਅਤੇ ਅਧਿਆਪਕਾਂ ਤੋਂ ਇਸ ਐਜੂਸੈਟ ਟਾਈਮ ਟੇਬਲ ਸਬੰਧੀ ਉਨ੍ਹਾਂ ਦੀ ਰਾਇ ਵੀ ਮੰਗੀ ਜਾ ਰਹੀ ਹੈ ਤਾਂ ਜੋ ਇਸ ਟਾਈਮ ਟੇਬਲ ਨੂੰ ਹੋਰ ਬਿਹਤਰ ਬਣਾਉਣ ਲਈ ਉਨ੍ਹਾਂ ਦੇ ਤਜਰਬੇ ਦਾ ਲਾਭ ਉਠਾਇਆ ਜਾ ਸਕੇ। ਗਰਮੀਆਂ ਅਤੇ ਸਰਦੀਆਂ ਦੇ ਟਾਈਮ ਟੇਬਲ ਦੀ ਇੱਕ ਕਾਪੀ ਭੇਜੀ ਜਾ ਰਹੀ ਹੈ ।

2.0 ਨਵੇਂ ਵਿੱਦਿਅਕ ਸ਼ੈਸ਼ਨ ਲਈ 1 ਅਪ੍ਰੈਲ ਤੋਂ ਸਕੂਲ ਖੁੱਲਣ ਦੇ ਨਾਲ ਹੀ ਦਾਖਲਾ ਪ੍ਰੀਕ੍ਰਿਆ ਸ਼ੁਰੂ ਹੋ ਜਾਵੇਗੀ ਅਤੇ 11 ਅਪ੍ਰੈਲ 2011 ਤੋਂ ਰੈਗੂਲਰ ਐਜੂਸੈਂਟ ਪ੍ਰੋਗਰਾਮ ਸੁਰੂ ਕੀਤੇ ਜਾ ਰਹੇ ਹਨ। ਅਪ੍ਰੈਲ ਮਹੀਨੇ ਦੀ ਸ਼ਡਿਊਲ ਆਪ ਜੀ ਨੂੰ ਭੇਜੀ ਜਾ ਰਹੀ ਹੈ। ਕ੍ਰਿਪਾ ਕਰਕੇ ਸਬੰਧਤ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਐਜੂਸੈਂਟ ਟਾਈਮ ਟੇਬਲ ਅਤੇ ਸਡਿਊਲ ਮੁਤਾਬਿਕ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਵਿਸ਼ਾ ਅਧਿਆਪਕ ਅਤੇ ਵਿਦਿਆਰਥੀ ਐਜੂਸੈਂਟ ਰੂਮ ਵਿੱਚ ਹਾਜ਼ਰ ਰਹਿਣ ਅਤੇ ਐਜੂਸੈਂਟ ਦੇ ਪ੍ਰੋਗਰਾਮਾਂ ਨੂੰ ਧਿਆਨ ਨਾਲ ਵੇਖਣ। ਵਿਦਿਆਰਥੀਆਂ ਦੀ ਹਾਜ਼ਰੀ ਐਜੂਸੈਂਟ ਰਜਿਸਟਰ ਵਿੱਚ ਲਗਾਈ ਜਾਵੇ ਅਤੇ ਸਟੇਟ ਦਫਤਰ ਵੱਲੋ ਟੈਲੀਫੂਨ ਰਾਹੀ ਸਕੂਲ ਮੁੱਖੀਆਂ, ਵਿਸ਼ਾ ਅਧਿਆਪਕਾਂ ਅਤੇ ਵਿਦਿਆਰਥੀਆਂ ਤੋਂ ਲਿਆ ਜਾਣ ਵਾਲਾ ਫੀਡ ਬੈਕ ਵੀ ਦਿੱਤਾ ਜਾਵੇ। ਸਕੂਲ ਮੁੱਖੀ ਐਜੂਸੈਟ ਰਜਿਸਟਰ ਵਿੱਚ, ਐਜੂਸੈਟ ਪ੍ਰੋਗਰਾਮਾ ਦਾ ਰਿਕਾਰਡ ਵੀ ਤਸਦੀਕ ਕਰੇਗਾ, ਜਿਸ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਤੇ ਸਬੰਧਤ ਅਧਿਆਪਕ ਦਾ ਨਾਮ ਵੀ ਹੋਵੇ

ਡਾ. ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ
ਮਿਤੀ,ਚੰਡੀਗੜ੍ਹ: 29 ਮਾਰਚ 2011.

ਪਿੱਠ ਅੰਕਣ ਨੰ. 24/40/2008/ਪੀ.ਈ.ਐਸ/ਸੈਕਟੋਰਲ ਕਮੇਟੀ/2408

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਟੇਟ ਪ੍ਰੋਜੈਕਟ ਡਾਇਰੈਕਟਰ, ਐਸ.ਐਸ.ਏ. ਅਤੇ ਆਰ.ਐਮ.ਐਸ.ਏ. ਪੰਜਾਬ, ਚੰਡੀਗੜ੍ਹ
2. ਡੀ.ਪੀ.ਆਈ. (ਸੈ.ਸਿ.) ਪੰਜਾਬ, ਚੰਡੀਗੜ੍ਹ

ਡਾ. ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ